

# ਭੱਠਾ ਮਜ਼ਦੂਰ

ਪੱਤ੍ਰਿਕਾ 07 ਸਤੰਬਰ - ਨਵੰਬਰ 2015

## ਇੱਟ ਭੱਠਾ ਸੱਨਅਤ 'ਚੋਂ ਬੰਧੂਆ ਮਜ਼ਦੂਰੀ ਦਾ ਖ਼ਾਤਮਾ

# ਇੱਟ ਭੱਠਾ ਇਕਾਈ ਦਰ : ਮਜ਼ਦੂਰਾਂ ਦਾ ਸ਼ੋਸ਼ਣ

ਭਾਰਤ ਦਾ ਇੱਟ ਭੱਠਾ ਵਪਾਰਕ ਖ਼ੇਤਰ ਜਿਸ ਤਰ੍ਹਾਂ ਕੰਮ ਕਰ ਰਿਹਾ ਹੈ ਉਹ ਬੰਧੂਆ ਮਜ਼ਦੂਰੀ, ਗ਼ੁਲਾਮੀ ਅਤੇ ਮਜ਼ਦੂਰਾਂ ਨੂੰ ਖ਼ਤਮ ਅਤੇ ਸ਼ੋਸ਼ਣ ਦੇ ਕੁ-ਚੱਕਰ ਅਤੇ ਬਾਲ ਮਜ਼ਦੂਰੀ ਨੂੰ ਉਤਸ਼ਾਹਿਤ ਦਿੰਦਾ ਹੈ। ਇੱਟ ਭੱਠਾ ਖ਼ੇਤਰ ਮੌਸਮੀ ਮਜ਼ਦੂਰੀ 'ਤੇ ਆਧਾਰਤ ਹੈ। ਮੌਸਮ ਆਧਾਰਿਤ ਕੰਮ, ਘੱਟ ਮਜ਼ਦੂਰੀ ਅਤੇ ਗ਼ਰੀਬੀ ਦੇ ਕਾਰਨ ਜ਼ਿਆਦਾਤਰ ਮਜ਼ਦੂਰੀ ਅਤੇ ਗ਼ਰੀਬੀ ਦੇ ਕਾਰਨ ਜ਼ਿਆਦਾਤਰ ਮਜ਼ਦੂਰ ਮਾਲਕਾਂ ਤੋਂ ਕਰਜ਼ਾ ਲੈਂਦੇ ਹਨ ਅਤੇ ਕਰਜ਼ੇ ਦੇ ਜਾਲ/ਗ਼ੁਲਾਮੀ ਦੀ ਦਲਦਲ ਵਿਚ ਫਸ ਜਾਂਦੇ ਹਨ। ਇਕ ਵਾਰ ਕਰਜ਼ਾ ਲੈਣ ਤੋਂ ਬਾਅਦ ਮਜ਼ਦੂਰ ਆਪਣੇ ਰੋਜ਼ਗਾਰ ਦੀ ਸਥਿਤੀ ਤੋਂ ਕੰਟਰੋਲ ਗੁਆ ਦਿੰਦੇ ਹਨ।

ਇੱਟ ਭੱਠੇ ਵਿਚ ਕੰਮ ਕਰਨ ਵਾਲੇ ਮਜ਼ਦੂਰਾਂ ਨੂੰ ਇੱਟ ਭੱਠੇ ਦੇ ਮਾਲਕਾਂ ਤੋਂ ਮਾਸਿਕ ਮਜ਼ਦੂਰੀ ਨਹੀਂ ਮਿਲਦੀ, ਇਸ ਦੇ ਬਜਾਏ, ਇਕਾਈ ਮਜ਼ਦੂਰੀ ਦਰ (ਪੀਸ ਰੇਟ ਵੇਜੇਜ਼ – ਪੀ ਆਰ ਡਬਲਿਊ) ਪ੍ਰਣਾਲੀ ਦੇ ਜ਼ਰੀਏ ਉਨ੍ਹਾਂ ਦਾ ਆਰਥਿਕ ਸ਼ੋਸ਼ਣ ਕੀਤਾ ਜਾਂਦਾ ਹੈ। ਪੀ ਆਰ ਡਬਲਿਊ ਦੇ ਤਹਿਤ ਮਜ਼ਦੂਰੀ ਨਿਰਧਾਰਤ ਕੀਤੇ ਜਾਣ ਕਾਰਨ ਔਰਤਾਂ ਅਤੇ ਬੱਚਿਆਂ ਨੂੰ ਵੱਖ ਮਜ਼ਦੂਰੀ ਨਹੀਂ ਮਿਲਦੀ। ਜ਼ਿਆਦਾਤਰ ਮਜ਼ਦੂਰ ਅਨੁਸੂਚਿਤ ਜਾਤਾਂ ਅਤੇ ਜਨ-ਜਾਤੀਆਂ ਦੇ ਹੁੰਦੇ ਹਨ ਜਿਨ੍ਹਾਂ ਕੋਲ ਸ਼ਾਇਦ ਹੀ ਆਪਣੀ ਜ਼ਮੀਨ ਹੁੰਦੀ ਹੈ। ਉਹ ਅਨਪੜ੍ਹ ਵੀ ਹੁੰਦੇ ਹਨ। ਉੱਚੀ ਜਾਤ ਦੇ ਇੱਟ ਭੱਠਾ ਮਾਲਕਾਂ ਦੇ ਸ਼ੋਸ਼ਣ ਦੇ ਖ਼ਿਲਾਫ਼ ਉਹ ਆਪਣੀ ਆਵਾਜ਼ ਬੁਲੰਦ ਕਰਨ ਵਿਚ ਅਸਮਰਥ ਹਨ।



ਇੱਟ ਭੱਠਾ ਮਾਲਕ ਪ੍ਰਤੀ ਦਿਨ ਇੱਟ ਉਤਪਾਦਨ ਨੂੰ ਜ਼ਿਆਦਾ ਤੋਂ ਜ਼ਿਆਦਾ ਕਰਨਾ ਚਾਹੁੰਦੇ ਹਨ। ਇਸ ਲਈ ਇਕਾਈ ਮਜ਼ਦੂਰੀ ਦਰ (ਪੀਸ ਰੇਟ ਵੇਜੇਜ਼ – ਪੀ ਆਰ ਡਬਲਿਊ) ਦੇ ਤਹਿਤ, ਕੰਮ ਕਰਨ ਦੇ ਘੰਟੇ ਮੁਸ਼ਕਲ ਅਤੇ ਬਹੁਤ ਲੰਮੇ ਹੁੰਦੇ ਹਨ। ਇਕ ਦਿਨ ਵਿਚ 8 ਘੰਟੇ ਅਤੇ ਇਕ ਹਫ਼ਤੇ ਵਿਚ 48 ਘੰਟੇ ਕੰਮ ਕਰਨ ਦਾ ਸਿੱਧਾਂਤ ਇਥੇ ਦੇਖਣ ਨੂੰ ਨਹੀਂ ਮਿਲਦਾ। ਛੁੱਟੀ ਦੇ ਦਿਨ, ਬਿਮਾਰੀ ਲਈ ਲਈਆਂ ਗਈਆਂ ਛੁੱਟੀਆਂ ਜਾਂ ਖ਼ਰਾਬ ਮੌਸਮ ਦੀ ਵਜ੍ਹਾ ਤੋਂ ਅਸਥਾਈ ਤੌਰ 'ਤੇ ਕੰਮ ਨਹੀਂ ਹੋ ਸਕਣ ਦੀ ਸਥਿਤੀ ਵਿਚ ਮਜ਼ਦੂਰੀ ਨਹੀਂ ਦਿੱਤੀ ਜਾਂਦੀ। ਬਾਲ ਮਜ਼ਦੂਰੀ ਵੱਡੇ ਪੱਧਰ 'ਤੇ ਹੁੰਦੀ ਹੈ ਕਿਉਂਕਿ ਮਾਤਾ-ਪਿਤਾ ਨੂੰ ਬੱਚਿਆਂ ਤੋਂ ਸਹਾਇਤਾ ਲੈਣਾ ਜ਼ਰੂਰੀ ਲੱਗਦਾ ਹੈ। ਬੱਚਿਆਂ ਨੂੰ ਵੱਖ-ਵੱਖ ਤਰ੍ਹਾਂ ਦੇ ਸ਼ੋਸ਼ਣ ਦਾ ਸ਼ਿਕਾਰ ਹੋਣਾ ਪੈਂਦਾ ਹੈ।

ਇੱਟ ਭੱਠਿਆਂ ਵਿਚ ਮਜ਼ਦੂਰੀ ਦੇ ਨਿਰਧਾਰਨ ਦਾ ਤਰੀਕਾ ਅਜਿਹਾ ਹੈ ਕਿ ਮਜ਼ਦੂਰੀ ਕਦੇ ਵੀ ਮਜ਼ਦੂਰਾਂ ਦੁਆਰਾ ਕੀਤੇ ਗਏ ਮਿਹਨਤ ਦੇ ਹਿਸਾਬ ਨਾਲ ਨਹੀਂ ਹੁੰਦੀ। ਭੱਠੇ ਘੱਟ ਤੋਂ ਘੱਟ ਮਜ਼ਦੂਰੀ ਅਧਿਨਿਯਮ 1948 ਦੀ ਅਨੁਸੂਚੀ ਵਿਚ ਹਨ ਅਤੇ ਵੱਖ-ਵੱਖ ਰਾਜ ਸਰਕਾਰਾਂ ਨੇ ਇੱਟ ਭੱਠਾ ਮਜ਼ਦੂਰਾਂ ਲਈ ਘੱਟ ਤੋਂ ਘੱਟ ਮਜ਼ਦੂਰੀ ਪ੍ਰਕਾਸ਼ਿਤ ਕੀਤੀ ਹੋਈ ਹੈ। ਪੰਜਾਬ ਵਿਚ, ਸਰਕਾਰ ਦੁਆਰਾ ਐਲਾਨੀ ਪੀ ਆਰ ਡਬਲਿਊ ਮਜ਼ਦੂਰੀ ਨੂੰ ਅਸਲ ਵਿਚ ਮਿਲਣ ਵਾਲੀ ਮਜ਼ਦੂਰੀ ਨਾਲ ਮੇਲ ਨਹੀਂ ਖਾਂਦਾ। ਐਡਵਾਂਸ ਦਾ ਭੁਗਤਾਨ, ਖ਼ਰਚ ਕੀਤੇ ਜਾਣ ਵਾਲੇ ਪੈਸੇ ਦੀ ਵੰਡ ਅਤੇ ਅੰਤਿਮ ਨਿਪਟਾਰੇ ਵਿਚ ਪਾਰਦਰਸ਼ਿਤਾ ਦੀ ਕਮੀ ਹੈ। (ਦੇਖੋ ਬਾਕਸ 1 : ਸਾਫ਼ ਅੰਤਰ)

ਇਸ ਨਾਲ ਸੰਬੰਧਤ ਕਈ ਰਾਸ਼ਟਰੀ ਅਤੇ ਅੰਤਰ-ਰਾਸ਼ਟਰੀ ਕਾਨੂੰਨ ਮੌਜੂਦ ਹਨ ਪਰ ਉਹ ਪ੍ਰਭਾਵੀ ਤਰੀਕੇ ਨਾਲ ਕੰਮ ਨਹੀਂ ਕਰਦੇ। ਸਾਰੇ ਭਾਰਤ ਵਿਚ ਵੱਡੀ ਗਿਣਤੀ ਵਿਚ ਚੌਕਸੀ ਸਮਿਤੀਆਂ ਬਣਾਈਆਂ ਗਈਆਂ ਹਨ ਅਤੇ ਕਾਨੂੰਨ ਦੇ ਤਹਿਤ ਉਹ ਬੇਹੱਦ ਸ਼ਕਤੀਸ਼ਾਲੀ ਵੀ ਹਨ ਪਰ ਆਮ ਤੌਰ 'ਤੇ ਉਹ ਬੇਕਾਰ ਅਤੇ ਅਪ੍ਰਭਾਵੀ ਰਹੀਆਂ ਹਨ। ਬੀ ਐਲ ਏ ਐਸ 1976 ਅਧਿਨਿਯਮ ਦੇ ਪ੍ਰਬੰਧਾਂ ਦੇ ਤਹਿਤ ਦਿੱਤੇ ਜਾਣ ਵਾਲੇ ਦੰਡ ਨਾ ਦੇ ਬਰਾਬਰ ਹਨ। ਨਿਯੋਕਤਾਂ/ਮਾਲਕਾਂ 'ਤੇ ਸ਼ਾਇਦ ਹੀ ਕਦੇ ਮੁਕੱਦਮਾ ਚਲਾਇਆ ਜਾਂਦਾ ਹੈ।

**ਬਾਕਸ 1 : ਸਾਫ਼ ਅੰਤਰ**

| ਇਕਾਈ ਦਰ ਮਜ਼ਦੂਰੀ ਪ੍ਰਣਾਲੀ ਬਨਾਮ ਘੱਟ ਤੋਂ ਘੱਟ ਮਜ਼ਦੂਰੀ ਦਰ ਵਿਚ ਸਾਫ਼ ਅੰਤਰ | | |
|---|---|---|
| ਸਾਲ 2013 ਦੇ ਮੁਤਾਬਕ ਵਸਤੂ ਦਰ (ਪ੍ਰਤੀ 1000 ਇੱਟਾਂ) (ਸਾਰਣੀ 1 ਦੇਖੋ) | = | 515.02 ਰੁਪਏ |
| ਚਾਰ ਲੋਕਾਂ ਦੇ ਪਰਿਵਾਰ ਦੁਆਰਾ ਪ੍ਰਤੀ ਦਿਨ ਉਤਪਾਦਨ (ਇਕ ਦਿਨ ਦਾ ਔਸਤ ਉਤਪਾਦਨ) | = | 650 ਇੱਟਾਂ |
| ਚਾਰ ਲੋਕਾਂ ਦੇ ਪਰਿਵਾਰ ਦੁਆਰਾ ਇਕ ਮਹੀਨੇ ਵਿਚ ਉਤਪਾਦਨ (650 26 ਦਿਨ) | = | 16,900 ਇੱਟਾਂ |
| ਚਾਰ ਲੋਕਾਂ ਦੇ ਪਰਿਵਾਰ ਦੁਆਰਾ ਇਕ ਮਹੀਨੇ ਵਿਚ ਟੁਕੜਾ-ਦਰ ਮਜ਼ਦੂਰੀ (0.515 16900) | = | 8703.8 ਰੁਪਏ |
| ਚਾਰ ਲੋਕਾਂ ਦੇ ਪਰਿਵਾਰ ਲਈ ਪ੍ਰਤੀ ਵਿਅਕਤੀ ਮਾਸਿਕ ਆਮਦਨ | = | 2175.9 ਰੁਪਏ |
| ਚਾਰ ਲੋਕਾਂ ਦੇ ਪਰਿਵਾਰ ਲਈ ਪ੍ਰਤੀ ਵਿਅਕਤੀ ਦੈਨਿਕ ਆਮਦਨ | = | 20.92 ਰੁਪਏ |
| ਇਕਾਈ ਮਜ਼ਦੂਰੀ ਦਰ (ਪੀ ਆਰ ਡਬਲਿਊ) ਸਮੂਹਕ ਮਜ਼ਦੂਰੀ ਨੂੰ ਦੇਖਦਾ ਹੈ ਅਤੇ ਇਕ ਵਿਅਕਤੀ ਆਮ ਤੌਰ 'ਤੇ ਪਰਿਵਾਰ ਦੇ ਮੁਖੀ, ਇਕ ਮਰਦ ਨੂੰ ਭੁਗਤਾਨ / ਮਜ਼ਦੂਰੀ ਦਿੰਦਾ ਹੈ ਅਤੇ ਔਰਤਾਂ ਤੇ ਬੱਚਿਆਂ ਦੀ ਮਿਹਨਤ ਨੂੰ ਨਜ਼ਰ-ਅੰਦਾਜ਼ ਕਰ ਦਿੰਦਾ ਹੈ। | | |
| ਵਿਅਕਤੀਗਤ ਅਕੁਸ਼ਲ ਮਜ਼ਦੂਰ ਦੀ ਦਰ (ਪ੍ਰਤੀ ਮਹੀਨੇ) | = | 6247.75 ਰੁਪਏ |
| ਪੀ ਆਰ ਡਬਲਿਊ ਪ੍ਰਤੀ ਵਿਅਕਤੀ ਮਾਸਿਕ ਆਮਦਨ ਬਨਾਮ ਮਾਸਿਕ ਮਜ਼ਦੂਰੀ ਦਰ ਦੇ ਦਰਮਿਆਨ ਦਾ ਅੰਤਰ 6247.75 ਰੁਪਏ-2175.9 ਰੁਪਏ | = | 4,071.8 ਰੁਪਏ |
| (ਇੱਟ ਭੱਠਿਆਂ ਵਿਚ ਕੰਮ ਕਰਨ ਵਾਲੇ ਮਜ਼ਦੂਰਾਂ ਦੇ ਕਿਸੇ ਹੋਰ ਹੁਨਰ ਸ਼੍ਰੇਣੀ ਵਿਚ ਆਉਣ 'ਤੇ ਆਮਦਨੀ ਦਾ ਇਹ ਅੰਤਰ ਵਧ ਜਾਏਗਾ।) | | |

ਪ੍ਰਕਾਸ਼ਕ : ਸੈਂਟਰ ਫਾਰ ਐਜੂਕੇਸ਼ਨ ਐਂਡ ਕਮਿਊਨੀਕੇਸ਼ਨ, 173-ਏ, ਪਿੰਡ ਖਿੜਕੀ, ਮਾਲਵੀਆ ਨਗਰ, ਨਵੀਂ ਦਿੱਲੀ - 110 017

ਫੋਨ : 011 29541858/ 29541841, ਈ-ਮੇਲ : cec@cec-india.org

ਸੀ. ਸੀ. ਸੀ. ਤੇ ਵੀ. ਐਸ. ਜੇ. ਅਤੇ ਏ. ਐਸ. ਆਈ. ਦੀ ਸਾਂਝੀ ਪਰਿਯੋਜਨਾ ਦੇ ਅੰਤਰਗਤ

# ਇਕਾਈ ਮਜ਼ਦੂਰੀ ਦਰ ਨੂੰ ਦੂਰ ਕਰੋ - ਉਚਿਤ ਨਿਊਨਤਮ ਮਜ਼ਦੂਰੀ ਮੰਗੋ



**"ਇੱਟ ਭੱਠਿਆਂ ਵਿਚ, ਉਸ ਦੇ ਮਜ਼ਦੂਰਾਂ ਲਈ ਕੰਮ ਕਰਨ ਅਤੇ ਉਨ੍ਹਾਂ ਦੇ ਰਹਿਣ-ਸਹਿਣ ਦੀ ਸੰਤੋਖਜਨਕ ਸਥਿਤੀਆਂ ਅਤੇ ਉਨ੍ਹਾਂ ਦੇ ਬੱਚਿਆਂ ਦੀ ਸਿੱਖਿਆ ਲਈ ਇਕਾਈ ਦਰ ਮਜ਼ਦੂਰੀ ਪ੍ਰਣਾਲੀ ਦੇ ਖ਼ਿਲਾਫ਼ ਵਿਰੋਧ ਪ੍ਰਦਰਸ਼ਨ ਨੂੰ ਮਜ਼ਦੂਰਾਂ ਦੇ ਵੱਡੇ ਅੰਦੋਲਨਾਂ ਨਾਲ ਜੋੜਾ ਜਾਣਾ ਚਾਹੀਦਾ।"**

ਗ਼ੈਰ-ਰਸਮੀ ਖ਼ੇਤਰ, ਖ਼ਾਸਕਰ ਇੱਟ ਭੱਠਾ ਉਦਯੋਗ ਵਿਚ ਮੌਜੂਦਾ ਘਾਤਕ ਮਜ਼ਦੂਰੀ ਭੁਗਤਾਨ ਪ੍ਰਣਾਲੀ ਨੂੰ ਖ਼ਤਮ ਕਰਨ ਅਤੇ ਸਮਾਜ ਦੇ ਕਮਜ਼ੋਰ ਵਰਗ, ਵਿਸ਼ੇਸ਼ਕਰ ਅਨੁਸੂਚਿਤ ਜਾਤਾਂ ਦੇ ਮਜ਼ਦੂਰਾਂ ਦੇ ਅਧਿਕਾਰਾਂ ਦੀ ਸੁਰੱਖਿਆ ਲਈ ਸੈਂਟਰ ਫਾਰ ਦ ਸਟੱਡੀ ਆਫ ਸੋਸ਼ਲ ਐਕਸਕਲੂਜ਼ਨ ਐਂਡ ਇਨਕਲੂਸਿਵ ਪਾਲਿਸੀ ਐਂਡ ਡਾ. ਅੰਬੇਡਕਰ ਸੈਂਟਰ, ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ ਅਤੇ ਸੈਂਟਰ ਫਾਰ ਐਜੂਕੇਸ਼ਨ ਐਂਡ ਕਮਿਊਨੀਕੇਸ਼ਨ (ਸੀ ਈ ਸੀ), ਨਵੀਂ ਦਿੱਲੀ ਨੇ ਸਾਂਝੇ ਰੂਪ ਵਿਚ 'ਇਕਾਈ ਦਰ ਮਜ਼ਦੂਰੀ ਅਤੇ ਭਾਰਤ ਦੇ ਇੱਟ ਭੱਠਿਆਂ ਵਿਚ ਮਜ਼ਦੂਰਾਂ ਦੀ ਸਥਿਤੀ' ਵਿਸ਼ੇ 'ਤੇ ਇਕ-ਦਿਵਸੀ ਰਾਸ਼ਟਰੀ ਸੈਮੀਨਾਰ ਦਾ ਆਯੋਜਨ 9 ਅਕਤੂਬਰ 2015 ਨੂੰ ਕੀਤਾ ਸੀ। ਇਹ ਸੈਮੀਨਾਰ ਭਾਰਤ ਦੇ ਇੱਟ ਭੱਠਾ ਉਦਯੋਗ ਨਾਲ ਬੰਧੂਆ ਮਜ਼ਦੂਰੀ ਨੂੰ ਖ਼ਤਮ ਕਰਨ ਵਾਲੀ ਯੋਜਨਾ ਦੀ ਰਾਸ਼ਟਰੀ ਵਕਾਲਤ ਗਤੀਵਿਧੀਆਂ ਦਾ ਹਿੱਸਾ ਹੈ। ਇਸ ਨੂੰ ਸੀ ਈ ਸੀ ਨੇ ਵਲੰਟੀਅਰ ਫਾਰ ਸੋਸ਼ਲ ਜਸਟਿਸ (ਵੀ ਐਸ ਜੇ), ਪੰਜਾਬ ਅਤੇ ਜਨ ਜਾਗ੍ਰਿਤੀ ਕੇਂਦਰ (ਜੇ ਜੇ ਕੇ), ਛੱਤੀਸਗੜ੍ਹ ਦੇ ਨਾਲ ਮਿਲ ਕੇ ਲਾਗੂ ਕੀਤਾ ਹੈ। ਇਸ ਪਰਿਯੋਜਨਾ ਵਿਚ ਐਂਟੀ - ਸਲੇਵਰੀ ਇੰਟਰਨੈਸ਼ਨਲ, ਯੂ ਕੇ, ਸਹਿਯੋਗ ਕਰ ਰਹੀ ਹੈ। ਪੇਸ਼ ਕੀਤੀਆਂ ਗਈਆਂ ਪ੍ਰਸਤੁਤੀਆਂ ਦੇ ਕੁਝ ਅੰਸ਼ ਹੇਠਾਂ ਦਿੱਤੇ ਜਾ ਰਹੇ ਹਨ :-

ਪੰਜਾਬ ਯੂਨੀਵਰਸਿਟੀ ਦੇ ਅਰਥ-ਸ਼ਾਸਤਰ ਦੇ ਸਾਬਕਾ ਪ੍ਰੋਫ਼ੈਸਰ ਅਤੇ ਸੈਂਟਰ ਫਾਰ ਰਿਸਰਚ ਇੰਨ ਰੂਰਲ ਐਂਡ ਇੰਡਸਟ੍ਰੀਜ਼ ਡਿਵੈਲਪਮੈਂਟ (ਕ੍ਰਿਡ - ਸੀ ਆਰ ਆਰ ਆਈ ਡੀ), ਚੰਡੀਗੜ੍ਹ ਦੇ ਸਾਬਕਾ ਮਹਾਨਿਦੇਸ਼ਕ ਸੁੱਚਾ ਸਿੰਘ ਗਿੱਲ ਦਾ ਕਹਿਣਾ ਹੈ, "ਇੱਟ ਭੱਠਿਆਂ ਵਿਚ, ਉਸ ਦੇ ਮਜ਼ਦੂਰਾਂ ਲਈ ਕੰਮ ਕਰਨ ਅਤੇ ਉਨ੍ਹਾਂ ਦੇ ਰਹਿਣ-ਸਹਿਣ ਦੀਆਂ ਸੰਤੋਖਜਨਕ ਸਥਿਤੀਆਂ ਅਤੇ ਉਨ੍ਹਾਂ ਦੇ ਬੱਚਿਆਂ ਦੀ ਸਿੱਖਿਆ ਹੇਤੂ ਇਕਾਈ ਦਰ ਮਜ਼ਦੂਰੀ ਪ੍ਰਣਾਲੀ ਦੇ ਖ਼ਿਲਾਫ਼ ਵਿਰੋਧ ਪ੍ਰਦਰਸ਼ਨ ਨੂੰ ਮਜ਼ਦੂਰਾਂ ਦੇ ਵੱਡੇ ਅੰਦੋਲਨਾਂ ਨਾਲ ਜੋੜਿਆ ਜਾਣਾ ਚਾਹੀਦਾ ਹੈ।" ਇਨ੍ਹਾਂ ਦੇ ਮੁਤਾਬਕ ਅਜਿਹਾ ਕਰਨ ਨਾਲ ਮਜ਼ਦੂਰਾਂ ਦੇ ਸ਼ੋਸ਼ਣ ਨੂੰ ਰੋਕਣ ਦਾ ਰਸਤਾ ਮਿਲੇਗਾ ਅਤੇ ਉਹ ਪੂੰਜੀਪਤੀਆਂ ਦੇ ਚੁੰਗਲ ਤੋਂ ਖ਼ੁਦ ਨੂੰ ਆਜ਼ਾਦ ਕਰਾ ਸਕਣਗੇ। ਪ੍ਰੋ. ਗਿੱਲ ਨੇ ਇਹ ਗੱਲਾਂ ਰਾਸ਼ਟਰੀ ਸੈਮੀਨਾਰ ਵਿਚ ਦਿੱਤੇ ਆਪਣੇ ਭਾਸ਼ਣ ਵਿਚ ਕਹੀ ਸੀ।

ਇੱਟ ਭੱਠਾ ਮਾਲਕ ਬਹੁਤ ਸ਼ਕਤੀਸ਼ਾਲੀ ਹੁੰਦੇ ਹਨ ਅਤੇ ਮਜ਼ਦੂਰਾਂ ਅਤੇ ਉਨ੍ਹਾਂ ਦੇ ਪਰਿਵਾਰਾਂ 'ਤੇ ਉਨ੍ਹਾਂ ਦਾ ਪੂਰਾ ਕੰਟਰੋਲ ਹੁੰਦਾ ਹੈ। ਉਨ੍ਹਾਂ ਵਿਚੋਂ ਕਈ ਤਾਂ ਰਸੂਖ਼ ਵਾਲੇ ਰਾਜ ਨੇਤਾ ਵੀ ਹਨ। ਇਸ ਲਈ, ਜੇ ਕੋਈ ਮਜ਼ਦੂਰ ਉਨ੍ਹਾਂ ਦੇ ਜ਼ੁਲਮਾਂ ਖ਼ਿਲਾਫ਼ ਆਵਾਜ਼ ਚੁੱਕਦਾ ਵੀ ਹੈ ਤਾਂ ਉਨ੍ਹਾਂ ਨੂੰ ਝੂਠੇ ਮਾਮਲਿਆਂ ਵਿਚ ਫਸਾ ਦਿੱਤਾ ਜਾਂਦਾ ਹੈ ਖ਼ਾਸਕਰ, ਨਸ਼ੀਲੀ ਦਵਾਈਆਂ ਦੇ ਗ਼ੈਰ-ਕਾਨੂੰਨੀ ਵਪਾਰ ਕਰਨ ਵਾਲੇ ਸ਼ਖ਼ਸ ਦੇ ਤੌਰ 'ਤੇ, ਜਿਸ ਦੀ ਵਜ੍ਹਾ ਨਾਲ ਉਨ੍ਹਾਂ ਨੂੰ ਉਮਰ ਕੈਦ ਦੀ ਸਜ਼ਾ ਮਿਲਦੀ ਹੈ।

ਇੱਟ ਭੱਠਾ ਉਦਯੋਗ ਵਿਚ ਬੰਧੂਆ ਮਜ਼ਦੂਰੀ ਵੱਡੇ ਪੱਧਰ 'ਤੇ ਹੈ ਅਤੇ ਇਨ੍ਹਾਂ ਵਿਚ ਹੇਠਲੀਆਂ ਜਾਤਾਂ ਵਾਲੇ ਮਜ਼ਦੂਰਾਂ ਦੀ ਗਿਣਤੀ ਬਹੁਤ ਘੱਟ ਹੈ। ਜਦੋਂ ਗੱਲ ਇੱਟ ਭੱਠਿਆਂ ਦੀ ਆਉਂਦੀ ਹੈ ਤਾਂ ਸਰਕਾਰ ਵੀ ਦੂਹਰੇ ਮਾਪਦੰਡ ਅਪਣਾ ਲੈਂਦੀ ਹੈ। ਉਦਯੋਗ ਲਈ ਮਜ਼ਦੂਰੀ ਦੁਬਾਰਾ ਤੈਅ ਕੀਤੀ ਜਾਂਦੀ ਹੈ ਅਤੇ ਜੇ ਅਜਿਹਾ ਹੁੰਦਾ ਹੈ, ਤਾਂ ਇਹ ਮਾਲਕਾਂ ਦੇ ਹੀ ਹੱਕ ਵਿਚ ਹੋਏਗਾ। ਇਸ ਲਈ ਇਕਾਈ - ਦਰ ਮਜ਼ਦੂਰੀ ਇਸ ਉਦਯੋਗ ਵਿਚ ਬਣੀ ਹੋਈ ਹੈ।

ਪੰਜਾਬ ਯੂਨੀਵਰਸਿਟੀ ਵਿਚ ਸਮਾਜ ਸ਼ਾਸਤਰ ਦੇ ਪ੍ਰੋਫ਼ੈਸਰ ਮਨਜੀਤ ਸਿੰਘ ਕਹਿੰਦੇ ਹਨ, "ਸਮਾਜ ਨੂੰ ਉਦਯੋਗ ਵਿਚ ਮਜ਼ਦੂਰੀ ਨੂੰ ਕਲੰਕਿਤ ਕਰਨ ਵਾਲੇ ਘੱਟ ਮਜ਼ਦੂਰੀ ਨੂੰ ਖ਼ਤਮ ਕਰਨ ਲਈ ਕੰਮ ਕਰਨਾ ਚਾਹੀਦਾ।" ਉਹ ਅੱਗੇ ਕਹਿੰਦੇ ਹਨ, "ਅਜਿਹਾ ਕਰਨ ਲਈ ਸਾਨੂੰ ਮਜ਼ਦੂਰਾਂ ਵਿਚ ਮਜ਼ਦੂਰੀ ਦੀ ਮਰਿਆਦਾ ਅਤੇ ਉਨ੍ਹਾਂ ਦੇ ਆਤਮ-ਸਨਮਾਨ ਦੀ ਭਾਵਨਾ ਬਹਾਲ ਕਰਨੀ ਹੋਏਗੀ।"

ਇੱਟ ਭੱਠਾ ਉਦਯੋਗ ਵਿਚ ਇਕਾਈ ਦਰ ਮਜ਼ਦੂਰੀ ਪ੍ਰਣਾਲੀ ਮਜ਼ਦੂਰਾਂ ਨੂੰ ਉਨ੍ਹਾਂ ਦੇ ਕੰਮ ਦੇ ਪ੍ਰਤੀ ਜ਼ਿੰਮੇਦਾਰ ਬਣਾਉਂਦੀ ਹੈ। ਦੂਸਰੇ ਸ਼ਬਦਾਂ ਵਿਚ, ਆਪਣਾ ਸੁਪਰਵਾਈਜ਼ਰ ਖ਼ੁਦ ਹੋਣ ਦੇ ਨਾਤੇ, ਨਿਰਧਾਰਤ ਟੀਚਿਆਂ ਨੂੰ ਪ੍ਰਾਪਤ ਕਰਨ ਲਈ ਆਪਣੇ ਸ਼ੋਸ਼ਣ ਦੀ ਜ਼ਿੰਮੇਦਾਰੀ ਉਸ ਨੂੰ ਆਪਣੇ ਪੂਰੇ ਪਰਿਵਾਰ ਨੂੰ ਕੰਮ ਵਿਚ ਲਗਾਉਣ ਲਈ ਮਜਬੂਰ ਕਰਦੀ ਹੈ। ਹਾਲਾਂਕਿ ਸ਼ੁਰੂਆਤ ਵਿਚ, ਉਹ ਟੀਚਿਆਂ ਨੂੰ ਹਾਸਲ ਕਰਦਾ ਹੈ, ਪਰ ਸਮੇਂ ਦੇ ਨਾਲ ਆਉਣ ਵਾਲੇ ਸਾਲਾਂ ਵਿਚ, ਮਜ਼ਦੂਰਾਂ ਵਿਚ ਘੱਟ ਤੋਂ ਘੱਟ ਸੰਸ਼ੋਧਨ ਦੇ ਨਾਲ, ਜਿਉਂਦਾ ਰਹਿਣ ਲਈ ਉਹ ਆਪਣੇ ਬੱਚਿਆਂ ਨੂੰ ਵੀ ਕੰਮ 'ਤੇ ਲਗਾ ਦਿੰਦਾ ਹੈ। ਬੰਗਾਲ ਵਿਚ, ਇੱਟ ਭੱਠਾ ਉਦਯੋਗ ਮੁੱਖ ਰੂਪ ਨਾਲ ਦੂਸਰੇ ਰਾਜਾਂ ਤੋਂ ਆਉਣ ਵਾਲੇ (ਪ੍ਰਵਾਸੀ) ਮਜ਼ਦੂਰਾਂ ਖ਼ਾਸਕਰ ਝਾਰਖੰਡ, 'ਤੇ ਨਿਰਭਰ ਹੈ। ਇੱਟ ਭੱਠਿਆਂ ਵਿਚ ਕੰਮ ਕਰਨ ਵਾਲੇ ਮਜ਼ਦੂਰ ਇਕ ਦੂਜੇ ਤੋਂ ਬਹੁਤ ਅਲੱਗ ਰਹਿੰਦੇ ਹਨ ਅਤੇ ਭੱਠੇ 'ਤੇ ਹੋਣ ਵਾਲੀ ਹਰ ਇਕ ਗਤੀਵਿਧੀ ਬੰਦ ਕਮਰਿਆਂ ਵਿਚ ਕੀਤੀ ਜਾਂਦੀ ਹੈ, ਇਸ ਦੀ ਵਜ੍ਹਾ ਨਾਲ ਮਜ਼ਦੂਰਾਂ ਦਾ ਦੂਸਰੇ ਸਮੂਹ ਨਾਲ ਕਿਸੇ ਤਰ੍ਹਾਂ ਦੀ ਗੱਲਬਾਤ ਨਹੀਂ ਹੁੰਦੀ। ਕੋਲਕਾਤਾ ਦੀ ਰਵਿੰਦਰ ਭਾਰਤੀ ਯੂਨੀਵਰਸਿਟੀ ਵਿਚ ਅਰਥ-ਸ਼ਾਸਤਰ ਵਿਭਾਗ ਦੀ ਡਾ. ਸਵਾਤੀ ਘੋਸ਼ ਨੇ ਫ੍ਰੈਗਮੇਂਟੇਡ ਲੇਬਰ ਐਂਡ ਵੇਜੇਜ਼ : ਦ ਬ੍ਰਿਕਫੀਲਡਸ ਆਫ਼ ਬੰਗਾਲ ਵਿਚ ਆਪਣੀ ਗੱਲ ਰੱਖਦੇ ਹੋਏ ਕਿਹਾ ਕਿ "ਏਕਤਾ ਵਿਚ ਅਜਿਹੀ ਕਮੀ ਸੰਗਠਿਤ ਹੋਣਾ ਬਹੁਤ ਮੁਸ਼ਕਲ ਕਰ ਦਿੰਦੀ ਹੈ।"

ਭਾਰਤ ਵਿਚ ਤਕਰੀਬਨ ਇਕ ਲੱਖ ਇੱਟ ਭੱਠੇ ਹਨ ਜੋ ਲਗਭਗ 230 ਲੱਖ (23 ਮਿਲੀਅਨ) ਮਜ਼ਦੂਰਾਂ ਨੂੰ ਕੰਮ ਦਿੰਦੇ ਹਨ। ਇਹ ਦੇਸ਼ ਦੇ ਕੁੱਲ ਕਾਰਜ ਬਲ ਦਾ 5 ਫ਼ੀਸਦੀ ਹੈ। ਇਸ ਖ਼ੇਤਰ ਦੇ ਮਜ਼ਦੂਰ ਇਕ ਦਿਨ ਵਿਚ 16 ਘੰਟਿਆਂ ਤੋਂ ਜ਼ਿਆਦਾ ਕੰਮ ਕਰਦੇ ਹਨ - ਅਤੇ ਇਸ ਤਰ੍ਹਾਂ ਬੰਧੂਆ ਮਜ਼ਦੂਰ ਬਣ ਜਾਂਦੇ ਹਨ।

ਆਰ ਕੇ ਐਮ ਵਿਵੇਕਾਨੰਦ ਕਾਲਜ, ਮਾਇਲਾਪੁਰ, ਚੇਨੰਈ ਦੇ ਡਾ. ਤਿਰੂਨਾਵਾਕਾਰਾਸੂ ਦਾ ਕਹਿਣਾ ਹੈ ਕਿ "ਇਨ੍ਹਾਂ ਮਜ਼ਦੂਰਾਂ ਲਈ ਮਜ਼ਦੂਰੀ ਮੌਜੂਦਾ ਕੀਮਤਾਂ ਅਤੇ ਖ਼ਰੀਦ ਸ਼ਕਤੀ ਦੀ ਜ਼ਰੂਰਤ ਦੇ ਆਧਾਰ 'ਤੇ ਤੈਅ ਕੀਤੀ ਜਾਣੀ ਚਾਹੀਦੀ ਹੈ।" ਉਹ ਅੱਗੇ ਕਹਿੰਦੇ ਹਨ, "ਤਮਿਲਨਾਡੂ ਵਿਚ ਹਾਲਾਂਕਿ ਘੱਟ ਤੋਂ ਘੱਟ ਮਜ਼ਦੂਰੀ ਤੈਅ ਕੀਤੀ ਹੋਈ ਹੈ ਪਰ ਪਿਛਲੇ ਤਿੰਨ ਸਾਲਾਂ ਤੋਂ ਉਸ ਵਿਚ ਕਿਸੇ ਤਰ੍ਹਾਂ ਦਾ ਸੰਸ਼ੋਧਨ ਨਹੀਂ ਕੀਤਾ ਗਿਆ। ਘੱਟ ਤੋਂ ਘੱਟ ਮਜ਼ਦੂਰੀ ਦਾ ਨਿਰਧਾਰਨ ਮਜ਼ਦੂਰੀ ਬਾਜ਼ਾਰ ਸੰਸਥਾਵਾਂ ਦੇ ਆਧਾਰ 'ਤੇ ਕੀਤਾ ਜਾਣਾ ਚਾਹੀਦਾ ਹੈ ਜਿੱਥੇ ਟ੍ਰੇਡ ਯੂਨੀਅਨਾਂ ਮੁੱਖ ਭੂਮਿਕਾ ਨਿਭਾਉਂਦੀਆਂ ਹਨ।"

ਇੱਟ ਭੱਠਿਆਂ ਵਿਚ ਸਭ ਤੋਂ ਸ਼ੋਸ਼ਕ ਇਕਾਈ ਦਰਾਂ ਹਨ। ਪੂਰੇ ਦੱਖਣੀ ਭਾਰਤ ਵਿਚ ਓਡੀਸ਼ਾ ਦੇ ਪ੍ਰਵਾਸੀ ਮਜ਼ਦਰਾਂ ਦੀ ਗਿਣਤੀ

ਪ੍ਰਕਾਸ਼ਕ : ਸੈਂਟਰ ਫਾਰ ਐਜੂਕੇਸ਼ਨ ਐਂਡ ਕਮਿਊਨੀਕੇਸ਼ਨ, 173-ਏ, ਪਿੰਡ ਖਿੜਕੀ, ਮਾਲਵੀਆ ਨਗਰ, ਨਵੀਂ ਦਿੱਲੀ - 110 017
ਫੋਨ : 011 29541858/ 29541841, ਈ-ਮੇਲ : cec@cec-india.org
ਸੀ. ਸੀ. ਸੀ. ਤੇ ਵੀ. ਐਸ. ਜੇ. ਅਤੇ ਏ. ਐਸ. ਆਈ. ਦੀ ਸਾਂਝੀ ਪਰਿਯੋਜਨਾ ਦੇ ਅੰਤਰਗਤ

ਸਭ ਤੋਂ ਜ਼ਿਆਦਾ ਹੈ ਅਤੇ ਇੱਟ ਭੱਠੇ ਇਸ ਦੇ ਅਪਵਾਦ ਨਹੀਂ ਹਨ। ਐਡ ਐਟ ਐਕਸ਼ਨ, ਭੁਵਨੇਸ਼ਵਰ ਦੇ ਖ਼ੇਤਰੀ ਨਿਰਦੇਸ਼ਕ ਉਮੀ ਡੈਨੀਅਲ ਦਾ ਕਹਿਣਾ ਹੈ, "ਪਰ ਇਸ ਦੇ ਬਾਵਜੂਦ, ਮਜ਼ਦੂਰ ਖਾਲੀ ਹੱਥ ਘਰ ਵਾਪਸ ਆਉਂਦੇ ਹਨ।" ਉਨ੍ਹਾਂ ਦਾ ਕਹਿਣਾ ਹੈ, "ਇਕਾਈ ਦਰ ਦਾ ਵਿਚਾਰ ਬੱਚਿਆਂ ਨੂੰ ਖਿੱਚ ਪਾਉਂਦਾ ਹੈ ਅਤੇ ਉਨ੍ਹਾਂ ਦਾ ਧਿਆਨ ਅਸਾਨੀ ਨਾਲ ਸਿੱਖਿਆ ਤੋਂ ਹਟ ਜਾਂਦਾ ਹੈ। ਪਰ ਬੱਚਿਆਂ ਦਾ ਸ਼ੋਸ਼ਣ ਹੋ ਰਿਹਾ ਹੈ ਅਤੇ ਇੱਟ ਭੱਠਿਆਂ ਵਿਚ ਬੱਚਿਆਂ ਦੀ ਮੌਤ ਦੀਆਂ ਕਹਾਣੀਆਂ ਆਮ ਗੱਲ ਨਹੀਂ ਹੈ।" ਉਨ੍ਹਾਂ ਦੇ ਮੁਤਾਬਕ, ਆਂਧਰਾ ਪ੍ਰਦੇਸ਼ ਸਰਕਾਰ ਦੇ ਮਜ਼ਦੂਰ ਵਿਭਾਗਾਂ ਅਤੇ ਓਡੀਸ਼ਾ ਦੀ ਸਰਕਾਰ ਦਰਮਿਆਨ ਹੋਇਆ ਸਮਝੌਤਾ ਇਸ ਦਿਸ਼ਾ ਵਿਚ ਇਕ ਮਹੱਤਵਪੂਰਨ ਕਦਮ ਹੈ। ਇਸ ਸਮਝੌਤੇ ਵਿਚ ਆਂਧਰਾ ਪ੍ਰਦੇਸ਼ ਵਿਚ ਰਹਿਣ ਵਾਲੇ ਓਡੀਸ਼ਾ ਦੇ ਲੋਕਾਂ ਨੂੰ ਸਰਬਜਨਕ ਵਿਤਰਣ ਪ੍ਰਣਾਲੀ (ਪੀ ਡੀ ਐਸ) ਦੇ ਚੌਲ ਦੇਣ ਦਾ ਪ੍ਰਬੰਧ ਕੀਤਾ ਗਿਆ ਹੈ।

ਬੰਧੂਆ ਮਜ਼ਦੂਰੀ ਉਨਮੂਲਨ ਪ੍ਰੋਗਰਾਮ, ਐਕਸ਼ਨ ਐਡ ਦੇ ਰਾਸ਼ਟਰੀ ਕੋ-ਆਰਡੀਨੇਟਰ ਚੰਦਨ ਕੁਮਾਰ ਨੇ ਦੱਸਿਆ ਕਿ, "ਸਾਨੂੰ ਘੱਟ ਤੋਂ ਘੱਟ ਮਜ਼ਦੂਰੀ ਦੇ 273 ਰੁਪਏ ਹੋਣ 'ਤੇ ਵਿਚਾਰ ਕਰਨ ਦੀ ਜ਼ਰੂਰਤ ਹੈ।" ਉਨ੍ਹਾਂ ਨੇ ਇੱਟ ਭੱਠਿਆਂ ਦੇ ਲਾਭ ਦਾ ਅਨੁਮਾਨ ਲਗਾਉਣ ਲਈ ਉਨ੍ਹਾਂ ਦੇ ਆਡਿਟ ਕੀਤੇ ਜਾਣ ਦੀ ਗੱਲ 'ਤੇ ਜ਼ੋਰ ਦਿੱਤਾ ਕਿਉਂਕਿ ਮਜ਼ਦੂਰੀ ਨੂੰ ਘੱਟ ਕੀਤੇ ਬਿਨਾ ਲਾਭ ਨਹੀਂ ਕਮਾਇਆ ਜਾ ਸਕਦਾ। ਉਹ ਫੇਰ ਕਹਿੰਦੇ ਹਨ ਕਿ, "ਉਦਯੋਗ ਨੂੰ ਮਜ਼ਦੂਰੀ ਦਾ ਭੁਗਤਾਨ ਕਰਨ ਅਤੇ ਸਰਕਾਰ ਨੂੰ ਮਜ਼ਦੂਰਾਂ ਦੀ ਸਮਾਜਿਕ ਸੁਰੱਖਿਆ 'ਤੇ ਫੋਕਸ ਕਰਨ ਦਿਉ।"

ਅਖਿਲ ਭਾਰਤੀ ਖੇਤੀਬਾੜੀ ਮਜ਼ਦੂਰ ਸੰਘ ਦੇ ਸੰਯੁਕਤ ਸਕੱਤਰ ਕਾਮਰੇਡ ਸੁਨੀਤ ਚੋਪੜਾ ਕਹਿੰਦੇ ਹਨ ਕਿ, "ਭੂਮੀਹੀਣਾਂ ਨੂੰ ਜ਼ਮੀਨ ਦਿਉ, ਸੇਜ਼ (ਐਸ ਈ ਜ਼ੈਡ) ਨੂੰ ਨਹੀਂ।" ਉਹ ਅੱਗੇ ਕਹਿੰਦੇ ਹਨ ਕਿ, "ਬੰਧੂਆ ਮਜ਼ਦੂਰੀ ਤੋਂ ਛੁਟਕਾਰਾ ਪਾਉਣਾ ਹੈ ਤਾਂ ਭੂਮੀ ਸੁਧਾਰ ਲਾਗੂ ਕਰਨੇ ਹੋਣਗੇ। ਲੋਕਾਂ ਨੂੰ ਘਰ ਬਣਾਉਣ, ਸਬਜ਼ੀ ਲਗਾਉਣ ਆਦਿ ਲਈ ਜ਼ਮੀਨ ਦੇਣੀ ਹੋਏਗੀ ਤਾਂ ਕਿ ਉਹ ਬੰਧੂਆ ਮੁਕਤ ਜੀਵਨ ਜਿਉਂ ਸਕਣ।" ਉਨ੍ਹਾਂ ਦੇ ਮੁਤਾਬਕ ਇੱਟ ਭੱਠੇ ਵਿਚ



ਕੰਮ ਕਰਨ ਵਾਲੇ ਮਜ਼ਦੂਰਾਂ ਦੀ ਸਮੱਸਿਆਵਾਂ ਨੂੰ ਦੂਰ ਕਰਨ ਲਈ, ਵੱਡੇ ਟ੍ਰੇਡ ਯੂਨੀਅਨ ਅੰਦੋਲਨ ਦੇ ਨਾਲ ਵਿਆਪਕ ਰਾਜਨੀਤਕ ਸਹਿਮਤੀ ਦੀ ਜ਼ਰੂਰਤ ਹੈ। "ਖੇਤੀਬਾੜੀ ਵਿਚ ਮਜ਼ਦੂਰੀ ਪ੍ਰਥਾਵਾਂ" 'ਤੇ ਦਰਸ਼ਕਾਂ ਨਾਲ ਗੱਲਬਾਤ ਕਰਨ ਦੇ ਦੌਰਾਨ ਕਾਮਰੇਡ ਚੋਪੜਾ ਨੇ "ਇਨ੍ਹਾਂ ਮਜ਼ਦੂਰਾਂ ਦੀਆਂ ਸਮੱਸਿਆਵਾਂ ਨੂੰ ਦੂਰ ਕਰਨ ਦੇ ਸਭ ਤੋਂ ਚੰਗੇ ਤਰੀਕਿਆਂ ਵਿਚੋਂ ਇਕ ਹੈ ਸੰਗਠਿਤ ਹੋਣਾ", 'ਤੇ ਜ਼ੋਰ ਦਿੱਤਾ।

ਰਾਸ਼ਟਰੀ ਮਨੁੱਖੀ ਅਧਿਕਾਰ ਆਯੋਗ ਦੇ ਸੰਯੁਕਤ ਰਜਿਸਟ੍ਰਾਰ ਅਨਿਲ ਪਰਾਸ਼ਰ ਕਹਿੰਦੇ ਹਨ, "ਮਨੁੱਖੀ ਅਧਿਕਾਰ ਜੀਵਨ, ਸੁਤੰਤਰਤਾ, ਸਮਾਨਤਾ ਅਤੇ ਇਜ਼ਤਮਾਣ ਦੇ ਚਾਰ ਥੰਮਾਂ 'ਤੇ ਖੜ੍ਹਾ ਹੈ - ਪਰ ਜਦੋਂ ਗੱਲ ਬੰਧੂਆ ਮਜ਼ਦੂਰੀ ਦੀ ਆਉਂਦੀ ਹੈ ਤਾਂ ਇਨ੍ਹਾਂ ਚਾਰਾਂ ਅਧਿਕਾਰਾਂ ਦਾ ਉਲੰਘਣ ਕੀਤਾ ਜਾਂਦਾ ਹੈ।" ਇਨ੍ਹਾਂ ਦੇ ਮੁਤਾਬਕ, ਮੁੱਖ ਮੁੱਦਾ ਦੇਸ਼ ਵਿਚ ਬੰਧੂਆ ਮਜ਼ਦੂਰੀ ਦੀ ਵਿਆਪਕਤਾ ਨੂੰ ਨਕਾਰਨਾ ਹੈ। ਉਹ ਅੱਗੇ ਕਹਿੰਦੇ ਹਨ, "ਦੁੱਖ ਦੀ ਗੱਲ ਇਹ ਹੈ ਕਿ, ਬੰਧੂਆ ਮਜ਼ਦੂਰੀ 'ਤੇ ਕਿਸੇ ਵੀ ਸਵਾਲ ਦਾ ਜਵਾਬ ਸਰਕਾਰ ਨਹੀਂ ਦਿੰਦੀ। ਜਦੋਂ ਤੱਕ ਸਾਡਾ ਸਮਾਜ ਅਤੇ ਸਾਡੀ ਸਰਕਾਰ ਬੰਧੂਆ ਮਜ਼ਦੂਰੀ ਦੀ ਸਥਿਤੀ ਨੂੰ ਸਵੀਕਾਰ ਨਾ ਕਰੇ ਤਦ ਤੱਕ ਇਸ ਦਾ ਖ਼ਾਤਮਾ ਬਹੁਤ ਮੁਸ਼ਕਲ ਹੈ।"

ਰਾਜਸਥਾਨ ਪ੍ਰਦੇਸ਼ ਇੱਟ ਭੱਠਾ ਮਜ਼ਦੂਰ ਸੰਘ ਦੇ ਸਕੱਤਰ ਮਦਨ ਵੈਸ਼ਣਵ ਦਾ ਕਹਿਣਾ ਹੈ ਕਿ ਆਜ਼ਾਦੀ ਦੇ 65 ਸਾਲਾਂ ਦੇ ਬਾਅਦ ਵੀ ਬੰਧੂਆ, ਜਾਤੀਵਾਦ ਅਤੇ ਗ਼ੈਰ-ਜ਼ਰੂਰੀ ਮਜ਼ਦੂਰੀ 'ਤੇ ਚਰਚਾ ਕਰਨਾ ਸ਼ਰਮ ਦੀ ਗੱਲ ਹੈ। ਉਹ ਦਾਵੇ ਦੇ ਨਾਲ ਕਹਿੰਦੇ ਹਨ, "ਨਿਯੋਕਤਾ, ਪ੍ਰਸ਼ਾਸਨ ਅਤੇ ਸੱਤਾਰੂੜ ਪਾਰਟੀ ਦੇ ਵਿਚ ਗੰਢ-ਤੁੱਪ ਹਮੇਸ਼ਾ ਇਹ ਸੁਨਿਸ਼ਚਿਤ ਕਰਦੀ ਹੈ ਕਿ ਇੱਟ ਭੱਠਿਆਂ ਵਿਚ ਕੰਮ ਕਰਨ ਵਾਲੇ ਮਜ਼ਦੂਰਾਂ ਦੀ ਸਥਿਤੀ ਕਦੇ ਨਹੀਂ ਬਦਲੇਗੀ। ਇਕ ਸ਼ੋਸ਼ਤ ਮਜ਼ਦੂਰ ਨੂੰ ਮਜ਼ਬੂਤ ਬਣਾਇਆ ਜਾਵੇ ਅਤੇ ਉਹ ਜ਼ਿਆਦਾ ਮਜ਼ਦੂਰੀ ਦੀ ਮੰਗ ਕਰੇ, ਇਸ ਵਿਚਾਰ ਨੂੰ ਆਤਮਸਾਤ ਕਰਨਾ ਕਿਸੇ ਲਈ ਵੀ ਮੁਸ਼ਕਲ ਹੈ।"

ਵਾਲੰਟੀਅਰ ਫਾਰ ਸੋਸ਼ਲ ਜਸਟਿਸ (ਵੀ ਐਸ ਜੇ), ਪੰਜਾਬ ਦੀ ਸੁਸ੍ਰੀ ਗੰਗਾ ਸ਼ੇਖਰ ਇਹ ਮੰਨਦੀ ਹੈ ਕਿ, ਜਦੋਂ ਗੱਲ ਔਰਤਾਂ ਦੀ ਹੋਵੇ ਤਾਂ ਇੱਟ ਭੱਠਿਆਂ ਵਿਚ ਪੂਰੀ ਤਰ੍ਹਾਂ ਨਾਲ ਬੰਧੂਆ ਮਜ਼ਦੂਰੀ ਹੁੰਦੀ ਹੈ ਕਿਉਂਕਿ ਇਹ ਉਨ੍ਹਾਂ ਮਜ਼ਦੂਰਾਂ ਵਿਚ ਆਉਂਦੀਆਂ ਹਨ ਜਿਨ੍ਹਾਂ ਨੂੰ ਮਜ਼ਦੂਰੀ ਕਰਨ ਦੇ ਬਦਲੇ ਕਿਸੇ ਵੀ ਤਰ੍ਹਾਂ ਦਾ ਭੁਗਤਾਨ ਨਹੀਂ ਕੀਤਾ ਜਾਂਦਾ।" ਉਹ ਕਹਿੰਦੀ ਹੈ ਕਿ, "ਇਕਾਈ ਦਰ ਨੂੰ ਮਾਸਿਕ ਮਜ਼ਦੂਰੀ ਨਾਲ ਬਦਲੇ ਜਾਣ ਦੀ ਜ਼ਰੂਰਤ ਹੈ, ਤਾਂ ਕਿ ਬਤੌਰ ਮਜ਼ਦੂਰ ਔਰਤਾਂ ਦੀ ਖ਼ੁਦ ਦੀ ਪਛਾਣ ਹੋਵੇ ਅਤੇ ਉਨ੍ਹਾਂ ਨੂੰ ਉਨ੍ਹਾਂ ਦੀ ਮਜ਼ਦੂਰੀ ਮਿਲ ਸਕੇ।"

ਸ਼੍ਰਮ ਅਤੇ ਰੋਜ਼ਗਾਰ ਮੰਤਰਾਲਾ, ਨਵੀਂ ਦਿੱਲੀ ਦੇ ਮੁੱਖ ਸ਼੍ਰਮ ਆਯੁਕਤ ਡਾ. ਓਂਕਾਰ ਸ਼ਰਮਾ ਦਾ ਕਹਿਣਾ ਹੈ ਕਿ, "ਸਿਰਫ਼ ਸਰਕਾਰ 'ਤੇ ਨਿਰਭਰ ਰਹਿਣ ਦੀ ਬਜਾਏ, ਇੱਟ ਭੱਠਿਆਂ ਵਿਚ ਕੰਮ ਕਰਨ ਵਾਲੇ ਮਜ਼ਦੂਰਾਂ ਨਾਲ ਜੁੜੇ ਮੁੱਦਿਆਂ ਨੂੰ ਹੱਲ ਕਰਨ ਲਈ ਸਾਨੂੰ ਆਪਣਾ ਨੀਰੀਖਣਸ਼ਾਲਾ ਬਣਾਉਣ ਦੀ ਜ਼ਰੂਰਤ ਹੈ। ਕਲਿਆਣ ਸੰਗਠਨਾਂ ਅਤੇ ਟ੍ਰੇਡ ਯੂਨੀਅਨਾਂ ਦੇ ਕੁਝ ਸਮਰੱਥ ਲੋਕਾਂ ਨੂੰ ਸਮਰੱਥਾ ਨਿਰਮਾਣ ਦਾ ਕੰਮ ਦੇਣਾ ਚਾਹੀਦਾ ਹੈ ਤਾਂ ਕਿ ਉਹ ਹਰ ਤਰ੍ਹਾਂ ਦੇ ਉਲੰਘਣ ਕਰਨ ਵਾਲੇ ਮਾਲਕਾਂ ਦੇ ਖ਼ਿਲਾਫ ਕਾਨੂੰਨੀ ਪ੍ਰਕਿਰਿਆ ਦੀ ਸ਼ੁਰੂਆਤ ਕਰ ਸਕੇ।"



ਪ੍ਰਕਾਸ਼ਕ : ਸੈਂਟਰ ਫਾਰ ਐਜੂਕੇਸ਼ਨ ਐਂਡ ਕਮਿਊਨੀਕੇਸ਼ਨ, 173-ਏ, ਪਿੰਡ ਖਿੜਕੀ, ਮਾਲਵੀਆ ਨਗਰ, ਨਵੀਂ ਦਿੱਲੀ - 110 017
ਫੋਨ : 011 29541858/ 29541841, ਈ-ਮੇਲ : cec@cec-india.org
ਸੀ. ਸੀ. ਸੀ. ਤੇ ਵੀ. ਐਸ. ਜੇ. ਅਤੇ ਏ. ਐਸ. ਆਈ. ਦੀ ਸਾਂਝੀ ਪਰਿਯੋਜਨਾ ਦੇ ਅੰਤਰਗਤ

# ਇਕਾਈ ਦਰ ਨੂੰ ਖ਼ਤਮ ਕਰਨ ਦੀ ਮੁਹਿੰਮ

ਵਾਲੰਟੀਅਰ ਫਾਰ ਸੋਸ਼ਲ ਜਸਟਿਸ (ਵੀ ਐਸ ਜੇ), ਪੰਜਾਬ ਨੇ ਇੱਟ ਅਤੇ ਟਾਈਲ ਬਣਾਉਣ ਵਾਲੇ ਵੱਖ-ਵੱਖ ਭੱਠਿਆਂ ਵਿਚ ਮੌਜੂਦਾ ਮਜ਼ਦੂਰੀ ਪ੍ਰਣਾਲੀ 'ਤੇ ਕਾਫ਼ੀ ਡੂੰਘਾਈ ਨਾਲ ਅਧਿਐਨ ਕੀਤਾ ਹੈ ਅਤੇ ਮਜ਼ਦੂਰਾਂ ਨੂੰ ਪੰਜਾਬ ਦੇ ਕ੍ਰਿਤ ਵਿਭਾਗ ਦੇ ਨਾਲ ਆਪਣੇ ਅਧਿਐਨ ਅਤੇ ਉਸ ਦੇ ਨਤੀਜਿਆਂ 'ਤੇ ਇਥੋਂ ਦੀ ਇਕਾਈ-ਦਰ ਮਜ਼ਦੂਰੀ ਮੁਹਿੰਮ ਨੂੰ ਅਸਾਨ ਬਣਾਉਣ ਲਈ ਚਰਚਾ ਦੀ ਸ਼ੁਰੂਆਤ ਕੀਤੀ ਹੈ।

ਅਧਿਐਨ ਦੇ ਮੁਤਾਬਕ ਇੱਟ ਭੱਠਿਆਂ ਵਿਚ ਕੰਮ ਕਰਨ ਵਾਲੇ ਮਜ਼ਦੂਰਾਂ ਨੂੰ ਬੰਧੂਆ ਬਣਾਇਆ ਜਾਣਾ, ਉਨ੍ਹਾਂ ਦਾ ਸਰੀਰਕ ਅਤੇ ਆਰਥਿਕ ਸ਼ੋਸ਼ਣ ਕਰਨਾ ਅਤੇ ਇਨ੍ਹਾਂ ਭੱਠਿਆਂ ਵਿਚ ਵੱਡੇ ਪੱਧਰ 'ਤੇ ਹੋਣ ਵਾਲੀ ਬਾਲ ਮਜ਼ਦੂਰੀ ਦੀ ਵਜ੍ਹਾ ਇਕਾਈ-ਦਰ-ਮਜ਼ਦੂਰੀ ਪ੍ਰਣਾਲੀ ਪ੍ਰਮੁੱਖ ਕਾਰਨ ਹਨ।

ਅਧਿਐਨ ਕਹਿੰਦਾ ਹੈ ਕਿ ਇਕਾਈ-ਦਰ-ਮਜ਼ਦੂਰੀ ਪ੍ਰਣਾਲੀ ਦੀ ਵਜ੍ਹਾ ਨਾਲ

- ਘੱਟ ਤੋਂ ਘੱਟ ਮਜ਼ਦੂਰੀ ਲੈਣ ਲਈ ਟੀਚਾ 1000 ਇੱਟਾਂ ਨੂੰ ਬਣਾਉਣ ਲਈ ਮਜ਼ਦੂਰਾਂ ਨੂੰ ਉਨ੍ਹਾਂ ਦੀ ਉਮਰ ਅਤੇ ਸ਼ਕਤੀ ਦੇ ਮੁਤਾਬਕ ਕੰਮ ਕਰਨ ਲਈ ਮਜਬੂਰ ਕੀਤਾ ਜਾਂਦਾ ਹੈ।
- ਕਿਉਂਕਿ ਸਿਰਫ਼ ਮਰਦ ਪ੍ਰਮੁੱਖ ਨੂੰ ਹੀ ਮਜ਼ਦੂਰ ਮੰਨਿਆ ਜਾਂਦਾ ਹੈ ਅਤੇ ਸਿਰਫ਼ ਉਸ ਨੂੰ ਹੀ ਮਜ਼ਦੂਰੀ ਦਿੱਤੀ ਜਾਂਦੀ ਹੈ, ਪਰਿਵਾਰ ਦੁਆਰਾ ਕਮਾਈ ਮਜ਼ਦੂਰੀ ਨਸ਼ੀਲੀ ਦਵਾਈਆਂ ਅਤੇ ਸ਼ਰਾਬ ਵਿਚ ਬਰਬਾਦ ਹੋ ਜਾਂਦੀ ਹੈ।
- ਭੱਠੇ 'ਤੇ ਕੰਮ ਕਰਨ ਵਾਲੀਆਂ ਔਰਤਾਂ ਨੂੰ ਮਜ਼ਦੂਰ ਨਹੀਂ ਮੰਨਿਆ ਜਾਂਦਾ ਅਤੇ ਇਸ ਲਈ ਉਹ ਇਕਾਈ-ਦਰ-ਮਜ਼ਦੂਰੀ ਦੀ ਹੱਕਦਾਰ ਨਹੀਂ ਹੁੰਦੀਆਂ।
- ਕਿਉਂਕਿ ਕਾਫ਼ੀ ਵੱਡੇ ਟੀਚੇ ਨੂੰ ਪੂਰਾ ਕਰਨਾ ਹੁੰਦਾ ਹੈ, ਮਾਤਾ-ਪਿਤਾ ਇੱਟ ਬਣਾਉਣ ਵਿਚ ਬੱਚਿਆਂ ਦੀ ਮਦਦ ਲੈਣਾ ਠੀਕ ਸਮਝਦੇ ਹਨ, ਜਿਸ ਨਾਲ ਇੱਟ ਭੱਠਿਆਂ ਵਿਚ ਬਾਲ ਮਜ਼ਦੂਰੀ ਤੇਜ਼ੀ ਨਾਲ ਵੱਧਦੀ ਹੈ।
- ਕਿਉਂਕਿ ਮਜ਼ਦੂਰੀ ਤਿਆਰ ਕੀਤੀ ਜਾਣ ਵਾਲੀਆਂ ਇੱਟਾਂ ਦੀ ਗਿਣਤੀ ਦੇ ਆਧਾਰ 'ਤੇ ਦਿੱਤੀ ਜਾਂਦੀ ਹੈ ਇਸ ਲਈ ਛੁੱਟੀ ਦੇ ਦਿਨ, ਬਿਮਾਰੀ ਦੀ ਵਜ੍ਹਾ ਨਾਲ ਲਈਆਂ ਗਈਆਂ ਛੁੱਟੀਆਂ ਜਾਂ ਮੌਸਮ ਖ਼ਰਾਬ ਹੋਣ ਦੀ ਵਜ੍ਹਾ ਨਾਲ ਆਰਜ਼ੀ ਤੌਰ 'ਤੇ ਕੰਮ ਦੇ ਬੰਦ ਹੋਣ 'ਤੇ ਮਜ਼ਦੂਰੀ ਨਹੀਂ ਦਿੱਤੀ ਜਾਂਦੀ।



## ਵੀ ਐਸ ਜੇ ਦੇ ਮੁਤਾਬਕ, ਜੇ ਇਕਾਈ-ਦਰ-ਮਜ਼ਦੂਰੀ ਦੀ ਜਗ੍ਹਾ ਮਾਸਿਕ/ਦੈਨਿਕ ਘੱਟ ਤੋਂ ਘੱਟ ਮਜ਼ਦੂਰੀ ਦਿੱਤੀ ਜਾਏ ਤਾਂ :

- ਔਰਤਾਂ ਸੁਤੰਤਰ ਮਜ਼ਦੂਰ ਮੰਨੀਆਂ ਜਾਣਗੀਆਂ ਅਤੇ ਉਨ੍ਹਾਂ ਨੂੰ ਘੱਟ ਤੋਂ ਘੱਟ ਮਜ਼ਦੂਰੀ ਦਿੱਤੀ ਜਾਏਗੀ, ਜਿਸ ਨਾਲ ਉਨ੍ਹਾਂ ਨੂੰ ਆਰਥਿਕ ਸੁਤੰਤਰਤਾ ਮਿਲੇਗੀ, ਨਾਲ ਹੀ ਉਨ੍ਹਾਂ ਵਿਚ ਆਪਣੇ ਆਪ ਨੂੰ ਸੰਗਠਿਤ ਕਰਨ ਦੀ ਸਮਰੱਥਾ ਆਏਗੀ ਅਤੇ ਯੂਨੀਅਨ ਵਿਚ ਉਹ ਨੇਤਾ ਦੀ ਭੂਮਿਕਾ ਵੀ ਨਿਭਾ ਸਕਣਗੀਆਂ।
- ਇਕਾਈ ਦਰ ਦੇ ਇਕ ਵਾਰ ਹਟਾਏ ਜਾਣ ਤੋਂ ਬਾਅਦ, ਬਾਲ ਮਜ਼ਦੂਰਾਂ ਦੀ ਗੁੰਜਾਇਸ਼ ਘੱਟ ਹੋਏਗੀ ਅਤੇ ਹੌਲੀ-ਹੌਲੀ ਇੱਟ ਭੱਠਿਆਂ ਵਿਚੋਂ ਬਾਲ ਮਜ਼ਦੂਰੀ ਨੂੰ ਪੂਰੀ ਤਰ੍ਹਾਂ ਖ਼ਤਮ ਹੋ ਜਾਏਗੀ।
- ਇੱਟ ਭੱਠਿਆਂ ਵਿਚੋਂ ਬੰਧੂਆ ਮਜ਼ਦੂਰੀ ਦਾ ਰਿਵਾਜ਼ ਘੱਟ ਹੋਏਗਾ ਅਤੇ ਹੌਲੀ-ਹੌਲੀ ਖ਼ਤਮ ਹੋ ਜਾਏਗਾ।
- ਮਾਲਕਾਂ ਨੂੰ ਵੀ ਫਾਇਦਾ ਹੋਏਗਾ ਕਿਉਂਕਿ ਉਨ੍ਹਾਂ ਕੋਲ ਸਥਾਈ ਕਰਮਚਾਰੀ ਹੋਣਗੇ। ਇਸ ਤੋਂ ਇਲਾਵਾ ਮਜ਼ਦੂਰ ਲਿਆਉਣ ਲਈ ਉਹ ਜੋ ਕਾਫ਼ੀ ਵੱਡੀ ਰਕਮ ਦਾ ਭੁਗਤਾਨ ਪਹਿਲਾਂ ਕਰਦੇ ਸਨ, ਇਸ ਤੋਂ ਵੀ ਉਨ੍ਹਾਂ ਨੂੰ ਛੁਟਕਾਰਾ ਮਿਲ ਜਾਏਗਾ।
- ਹਾਲੇ ਰੋਜ਼ਾਨਾ 12-18 ਘੰਟੇ ਕੰਮ ਕਰਨਾ ਹੁੰਦਾ ਹੈ। ਇਹ ਖ਼ਤਮ ਹੋ ਜਾਏਗਾ ਅਤੇ ਉਚਿਤ ਓਵਰ ਟਾਈਮ ਦੇ ਨਾਲ ਕੰਮ-ਕਾਜ ਦੇ ਆਮ ਘੰਟਿਆਂ ਵਿਚ ਕੰਮ ਹੋਏਗਾ।



ਸੂਚੀ ਵਿਚ ਦਿੱਤੇ ਗਏ 71 ਰੋਜ਼ਗਾਰਾਂ ਵਿਚੋਂ ਇੱਟ ਭੱਠਾ ਉਦਯੋਗ ਹੀ ਇਕਲੌਤਾ ਗ਼ੈਰ-ਆਵਾਸ ਆਧਾਰਤ ਉਦਯੋਗ ਹੈ ਅਤੇ ਇਕਾਈ-ਦਰ ਮਜ਼ਦੂਰੀ ਪ੍ਰਣਾਲੀ 'ਤੇ ਕੰਮ ਕਰਦਾ ਹੈ। ਵੀ ਐਸ ਜੇ ਇਸ 'ਤੇ ਪੂਰੀ ਤਰ੍ਹਾਂ ਨਾਲ ਜਾਤੀ ਭੇਦਭਾਵ ਦਾ ਆਰੋਪ ਲਗਾਉਂਦੇ ਹਨ ਕਿਉਂਕਿ ਪੰਜਾਬ ਵਿਚ ਇੱਟ ਭੱਠਿਆਂ 'ਤੇ ਕੰਮ ਕਰਨ ਵਾਲੇ ਜ਼ਿਆਦਾਤਰ ਮਜ਼ਦੂਰ ਅਨੁਸੂਚਿਤ ਜਾਤਾਂ ਦੇ ਹਨ।

ਕੀ ਮਾਸਿਕ ਮਜ਼ਦੂਰੀ, ਇਕਾਈ-ਦਰ ਮਜ਼ਦੂਰੀ ਤੋਂ ਜ਼ਿਆਦਾ ਖਿੱਚ ਪਾਊ ਹੈ

ਪੰਜਾਬ ਵਿਚ, 1000 ਇੱਟਾਂ ਬਣਾਉਣ 'ਤੇ ਦਿੱਤੀ ਜਾਣ ਵਾਲੀ ਮਜ਼ਦੂਰੀ ਹੈ 515 ਰੁਪਏ। ਜਦੋਂ ਕਿ ਟ੍ਰੇਡ ਯੂਨੀਅਨ 615 ਰੁਪਏ ਦੀ ਮੰਗ ਕਰ ਰਹੇ ਹਨ। ਅਸਲੀਅਤ ਇਹ ਹੈ ਕਿ ਮਜ਼ਦੂਰਾਂ ਨੂੰ ਘੱਟ ਤੋਂ ਘੱਟ ਮਜ਼ਦੂਰੀ 'ਤੇ ਬਣੀ ਸਹਿਮਤੀ ਤੋਂ ਵੀ ਘੱਟ ਮਜ਼ਦੂਰੀ ਦਿੱਤੀ ਜਾ ਰਹੀ ਹੈ। ਅਧਿਐਨ ਦੇ ਦੌਰਾਨ ਮਜ਼ਦੂਰਾਂ ਅਤੇ ਉਨ੍ਹਾਂ ਦੇ ਪਰਿਵਾਰਾਂ ਨਾਲ ਗੱਲਬਾਤ ਕੀਤੀ ਗਈ ਅਤੇ ਪਤਾ ਲੱਗਿਆ ਕਿ ਇਕ ਸਾਲ ਵਿਚ ਉਹ ਰੋਜ਼ਾਨਾ 12 ਘੰਟੇ ਕੰਮ ਕਰ ਕੇ ਜ਼ਿਆਦਾ ਤੋਂ ਜ਼ਿਆਦਾ 1,50,000 ਇੱਟਾਂ ਬਣਾ ਸਕਦੇ ਹਨ।

ਵੱਲੋਂ CEC
ਸਹਿਭਾਗੀ Volunteers for Social Justice & Dalit Dasta Virodhi Andolan, Jan Jagriti Kendra
ਸਹਿਯੋਗ anti-slavery today's fight for tomorrow's freedom

ਪ੍ਰਕਾਸ਼ਕ : ਸੈਂਟਰ ਫਾਰ ਐਜੂਕੇਸ਼ਨ ਐਂਡ ਕਮਿਊਨੀਕੇਸ਼ਨ, 173-ਏ, ਪਿੰਡ ਖਿੜਕੀ, ਮਾਲਵੀਆ ਨਗਰ, ਨਵੀਂ ਦਿੱਲੀ - 110 017

ਫੋਨ : 011 29541858/ 29541841, ਈ-ਮੇਲ : cec@cec-india.org

ਸੀ. ਸੀ. ਸੀ. ਤੇ ਵੀ. ਐਸ. ਜੇ. ਅਤੇ ਏ. ਐਸ. ਆਈ. ਦੀ ਸਾਂਝੀ ਪਰਿਯੋਜਨਾ ਦੇ ਅੰਤਰਗਤ